## ਸਵੈ ਸੇਵੀ ਸੰਸਥਾ 'ਵਤਨ ਦੇ ਵਾਰਸ' ਵੱਲੋਂ ਸਿਵਲ ਹਸਪਤਾਲ ਨਵਾਂਸ਼ਹਿਰ ਦੇ ਮਰੀਜ਼ਾਂ ਲਈ ਮੁਫ਼ਤ ਖਾਣਾ, ਮਾਨਵਤਾ ਦੀ ਸਭ ਤੋਂ ਵੱਡੀ ਸੇਵਾ-ਵਿਧਾਇਕ ਅੰਗਦ ਸਿੰਘ

ਵਿਸਲ ਹਸਪਤਾਲ ਨਵਾਂਸ਼ਹਿਰ ਵਿਖੇ ਕਰਵਾਈ ਮਰੀਜ਼ਾਂ ਲਈ ਮੁਫ਼ਤ ਖਾਣੇ ਦੀ ਸ਼ੁਰੂਆਤ
ਨਵਾਂਸ਼ਹਿਰ, 13 ਨਵੰਬਰ-

ਵਿਧਾਇਕ ਅੰਗਦ ਸਿੰਘ ਨੇ ਅੱਜ ਸਿਵਲ ਹਸਪਤਾਲ ਨਵਾਂਸ਼ਹਿਰ ਵਿਖੇ ਸਵੈ-ਸੇਵੀ ਸੰਸਥਾ 'ਵਤਨ ਦੇ ਵਾਰਸ' (ਯੂਥ ਅਵੇਅਰਨੈਸ ਵੈਲਫੇਅਰ ਐਂਡ ਕਲਚਰਲ ਸੁਸਾਇਟੀ ਪੰਜਾਬ (ਰਜਿ:) ਪਿੰਡ ਮੰਗੂਵਾਲ) ਵੱਲੋਂ ਮਰੀਜ਼ਾਂ ਲਈ ਦੁਪਹਿਰ ਦੇ ਮੁਫ਼ਤ ਖਾਣੇ ਦੀ ਸ਼ੁਰੂਆਤ ਕਰਵਾਉਂਦਿਆਂ ਆਖਿਆ ਕਿ ਅਜਿਹੀਆਂ ਸਮਾਜ ਸੇਵੀ ਸੰਸਥਾਂਵਾਂ ਵੱਲੋਂ ਅਸਲ ਵਿੱਚ ਮਾਨਵਤਾ ਦੀ ਵੱਡੀ ਸੇਵਾ ਕੀਤੀ ਜਾ ਰਹੀ ਹੈ।

ਉਨ੍ਹਾਂ ਆਖਿਆ ਕਿ ਸਿਵਲ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ ਕਈ ਵਾਰ ਹੰਗਾਮੀ ਹਾਲਤਾਂ ਵਿੱਚ ਆਪਣੇ ਮਰੀਜ਼ ਨੂੰ ਇਲਾਜ ਲਈ ਲਿਆਉਂਦਿਆਂ, ਖਾਣੇ ਆਦਿ ਨੂੰ ਭੁੱਲ ਜਾਂਦੇ ਹਨ ਪਰੰਤੂ 'ਵਤਨ ਦੇ ਵਾਰਸ' ਸੰਸਥਾ ਵੱਲੋਂ ਸ਼ੁਰੂ ਕੀਤੀ ਇਸ ਨਿਵੇਕਲੀ ਮਾਨਵੀ ਸੇਵਾ ਉਨ੍ਹਾਂ ਨੂੰ ਮੁਸੀਬਤ ਦੇ ਇਸ ਸਮੇਂ ਵਿੱਚ ਘੱਟੋ-ਘੱਟ ਖਾਣੇ ਦੀ ਚਿੰਤਾ ਤੋਂ ਤਾਂ ਮੁਕਤ ਕਰ ਦੇਵੇਗੀ।

ਇਸ ਲੰਗਰ ਸੇਵਾ ਦੀ ਸ਼ੁਰੂਆਤ ਸ਼੍ਰੀ ਅੰਗਦ ਸਿੰਘ ਵਿਧਾਇਕ ਹਲਕਾ ਨਵਾਂਸ਼ਹਿਰ ਨੇ ਮਰੀਜ਼ਾਂ ਨੂੰ ਲੰਗਰ ਵਰਤਾ ਕੇ ਕੀਤੀ। ਇਸ ਮੌਕੇ ਉਨਾਂ ਨੇ ਕਿਹਾ ਕਿ ਲੋੜਵੰਦ ਮਰੀਜ਼ਾਂ ਨੂੰ ਲੰਗਰ ਮੁਹੱਈਆਂ ਕਰਾਉਣਾ ਇੱਕ ਬਹੁਤ ਵੱਡੀ ਸੇਵਾ ਹੈ। ਲੰਗਰ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਉਨਾਂ ਕਿਹਾ ਕਿ ਜ਼ਿਲ੍ਹਾ ਹਸਪਤਾਲ ਵਿੱਚ ਲੰਗਰ ਦੀ ਸੇਵਾ ਕਰਨ ਨਾਲ ਦੂਰ ਦੁਰਾਡੇ ਤੋਂ ਆਉਣ ਵਾਲੇ ਮਰੀਜ਼ਾਂ ਨੂੰ ਇਸ ਦਾ ਬਹੁਤ ਲਾਭ ਹੋਵੇਗਾ ਅਤੇ ਮਰੀਜ਼ਾਂ ਨੂੰ ਬਾਹਰੋਂ ਖਾਣਾ ਮੁੱਲ ਨਹੀਂ ਲਿਆਉਣਾ ਪਵੇਗਾ ਜਿਸ ਨਾਲ ਉਨਾਂ ਦਾ ਆਰਥਿਕ ਤੌਰ ਵੀ ਫਾਇਦਾ ਹੋਵੇਗਾ।ਉਨਾ ਸਾਰਿਆਂ ਨੂੰ ਅਪੀਲ ਕੀਤੀ ਕਿ ਇਸ ਤਰਾਂ ਦੇ ਲੋਕ ਸੇਵਾ ਦੇ ਕੰਮਾਂ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸਿਵਲ ਸਰਜਨ ਡਾ.

ਗੁਰਿੰਦਰ ਕੌਰ ਚਾਵਲਾ ਨੇ ਸੁਸਾਇਟੀ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਆਸ ਕੀਤੀ ਭਵਿੱਖ ਵਿੱਚ ਸੁਸਾਇਟੀ ਦੀ ਸੇਵਾ ਇਸੇ ਤਰ੍ਹਾਂ ਬਰਕਰਾਰ ਰਹੇਗੀ ਜਿਸ ਨਾਲ ਸਰਬੱਤ ਦਾ ਭਲਾ ਹੋਵੇਗਾ।

ਇਸ ਮੌਕੇ ਸੰਤ ਬਾਬਾ ਧਿਆਨ ਪ੍ਰਕਾਸ਼ ਜੀ ਮਹਿਤ ਪੁਰ ਉਲੱਧਣੀ, ਸੁਖਵੀਰ ਸਿੰਘ ਖਟਕੜ ਪ੍ਰਧਾਨ 'ਵਤਨ ਦੇ ਵਾਰਿਸ ਯੂਥ ਵੇਲਫੇਅਰ ਕਲਚਰਲ ਸੁਸਾਇਟੀ ਪਿੰਡ ਮੰਗੂਵਾਲ',ਚਮਨ ਸਿੰਘ ਭਾਨ ਮਜਾਰਾ ਚੇਅਰਮੈਨ ਮਰਕੀਟ ਮਾਰਕੀਟ ਕਮੇਟੀ, ਬਚਮਨ ਸਿੰਘ ਭਾਰਟਾ ਸਾਬਕਾ ਚੇਅਰਮੈਨ ਖੇਤੀ ਬਾੜੀ ਵਿਕਾਸ ਬੈਂਕ,ਸਤਵੰਤ ਸਿਘ ,ਸਤਵੀਰ ਸਿੰਘ,ਜਸਵੀਰ ਸਿੰਘ, ਹਰੀਸ਼ ਬਾਂਸਲ,ਗੁਰਿੰਦਰ ਸਿੰਘ ਸਰਪੰਚ ਕਰੀਹਾ, ਬਾਬਾ ਦਲਜੀਤ ਸਿੰਘ ਗਹੂਣੀਆਂ ਕਰੀਹਾ, ਗੁਰਕਮਲ ਬੈਂਸ ਪੰਚ ਕਰੀਹਾ, ਗਿਆਨੀ ਰਤਨ ਸਿੰਘ ਕਾਹਮਾ, ਸਵਰਨ ਸਿੰਘ ਪ੍ਰਧਾਨ ਨੰਬਰਦਾਰ ਯੂਨੀਅਨ ਨਵਾਂਸ਼ਹਿਰ, ਭੂਸ਼ਨ ਸ਼ਾਰਦਾ,ਡਾ. ਹਰਵਿੰਦਰ ਸਿੰਘ ਐਸ.ਐਮ.ਓ,ਡਾ. ਸੁਖਵਿੰਦਰ ਸਿੰਘ ਹੀਰਾ ਜ਼ਿਲਾ ਪਰਿਵਾਰ ਭਲਾਈ ਅਫਸਰ, ਡਾ. ਦਵਿੰਦਰ ਢਾਂਡਾ ਜਿਲਾ ਟੀਕਾ ਕਰਨ ਅਫਸਰ. ਡਾ. ਦਿਆਲ ਸਰੂਪ ਡੀ.ਐਮ.ਸੀ, ਡਾ.ਗੁਰਪਾਲ ਕਟਾਰੀਆਂ, ਡਾ. ਸਤਵਿੰਦਰ ਪਾਲ ਸਿੰਘ ,ਜਗਤ ਰਾਮ ਜਿਲਾ ਮਾਸ ਮੀਡੀਆ ਤੇ ਸੂਚਨਾ ਅਫਸਰ, ਕਿਰਪਾਲ ਸਿੰਘ ਝੱਲੀ ਆਡੀਓ ਵਿਜ਼ੂਅਲ ਅਫਸਰ, ਮੰਗ ਗੁਰਪ੍ਰਸ਼ਾਦ ਜ਼ਿਲਾ ਬੀ.ਸੀ.ਸੀ.ਐਫ ਅਤੇ ਹੋਰ ਸਟਾਫ ਹਾਜ਼ਰ ਸਨ।


ACID ATTACK PATIENTS ARE TREATED
FREE IN THIS HOSPITAL
ਦਵਾਈਆਂ
MEDICINE